ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026
ISSN: 2583-9446 (O)
Paper Published Id: ARMN040119
Available online at: www.armaan.org.in
DOI: https://doi.org/10.64119/armaan.vol.4.issue1.19

# ਬਲਜੀਤ ਕੌਰ ਬੱਲੀ ਦੁਆਰਾ ਰਚਿਤ 'ਢਾਈ ਸਤਰਾਂ' ਸਵੈ-ਜੀਵਨੀ ਵਿੱਚ ਵਿਅਕਤੀ-ਬਿੰਬ ਦੀ ਪੇਸ਼ਕਾਰੀ

# Baljit Kaur Balli Duara Rachit 'Dhaai Satraan' Swai-Jeevani Vich Vyakti-Bimb Di Peshkaari

**ਅਮਨਦੀਪ ਕੌਰ (Amandeep kaur)**
ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. Of Punjabi)
ਦਿੱਲੀ ਯੂਨੀਵਰਸਿਟੀ, ਦਿੱਲੀ
Email ID: aman.jattana143.aj@gmail.com ਮੋਬਾਈਲ: +91-95927-19497

**ਸਾਰ (Abstract)**

*ਹਥਲਾ ਖੋਜ-ਪੱਤਰ ਪੰਜਾਬੀ ਗਲਪਕਾਰ ਬਲਜੀਤ ਕੌਰ ਬੱਲੀ ਦੀ ਸਵੈ-ਜੀਵਨੀ 'ਢਾਈ ਸਤਰਾਂ' ਵਿੱਚ ਵਿਅਕਤੀ-ਬਿੰਬ (Self-Image) ਦੀ ਬਿਰਤਾਂਤਕ ਪੇਸ਼ਕਾਰੀ ਦਾ ਵਿਸ਼ਲੇਸ਼ਣ ਕਰਦਾ ਹੈ। ਖੋਜ ਦੇ ਆਰੰਭ ਵਿੱਚ ਸਵੈ-ਜੀਵਨੀ ਦੇ ਸਿਧਾਂਤਕ ਪਰਿਪੇਖ ਨੂੰ ਉਘਾੜਦਿਆਂ ਇਹ ਤਰਕ ਪੇਸ਼ ਕੀਤਾ ਗਿਆ ਹੈ ਕਿ ਭਾਵੇਂ ਸਵੈ-ਜੀਵਨੀ ਨੂੰ 'ਸੱਚ' ਦੀ ਪੇਸ਼ਕਾਰੀ ਮੰਨਿਆ ਜਾਂਦਾ ਹੈ, ਪਰ ਇਹ ਆਪਣਾ ਸਰੂਪ ਗਲਪੀ ਜੁਗਤਾਂ ਅਤੇ ਘਟਨਾਵਾਂ ਦੀ ਸੁਚੇਤ ਚੋਣ ਰਾਹੀਂ ਹੀ ਗ੍ਰਹਿਣ ਕਰਦੀ ਹੈ। ਲੇਖਿਕਾ ਨੇ ਆਪਣੀ ਜੀਵਨ-ਗਾਥਾ ਨੂੰ ਮਹਿਜ਼ ਯਾਦਾਂ ਦੇ ਸੰਗ੍ਰਹਿ ਵਜੋਂ ਨਹੀਂ, ਸਗੋਂ ਇੱਕ ਨਿਰਧਾਰਿਤ 'ਸਵੈ' ਨੂੰ ਉਭਾਰਨ ਲਈ ਬਿਰਤਾਂਤਕ ਸੰਦ ਵਜੋਂ ਵਰਤਿਆ ਹੈ। ਅਧਿਐਨ ਦਰਸਾਉਂਦਾ ਹੈ ਕਿ ਬਲਜੀਤ ਕੌਰ ਬੱਲੀ ਦੀ ਸ਼ਖ਼ਸੀਅਤ ਪਰਿਵਾਰਕ ਸੁਖਾਵੇਂ ਮਾਹੌਲ ਵਿੱਚੋਂ ਮੌਲਦੀ ਹੋਈ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਨਾਰੀ ਵਜੋਂ ਉੱਭਰਦੀ ਹੈ। ਉਹ ਆਪਣੀ ਔਰਤ ਹੋਂਦ ਦੇ ਬਿੰਬ ਨੂੰ ਪਿੱਤਰ-ਸੱਤਾਤਮਕ ਬੰਦਸ਼ਾਂ ਦੇ ਵਿਰੋਧ ਅਤੇ ਆਪਣੇ ਰਚਨਾਤਮਕ ਤੇ ਨਿੱਜੀ ਜੀਵਨ (ਵਿਆਹ) ਦੇ ਪਾਰਦਰਸ਼ੀ ਵੇਰਵਿਆਂ ਰਾਹੀਂ ਸਿਰਜਦੀ ਹੈ। ਇਹ ਖੋਜ-ਪੱਤਰ ਲੇਖਿਕਾ ਦੇ ਸਵੈ ਨਾਲ ਸੰਬੰਧਿਤ ਉਹਨਾਂ ਵੱਖੋ-ਵੱਖਰੇ ਪਹਿਲੂਆਂ ਦੀ ਪਛਾਣ ਕਰਦਾ ਹੈ ਜੋ ਉਸ ਦੀ ਸਮੁੱਚੀ ਅਤੇ ਪ੍ਰਭਾਵਸ਼ਾਲੀ ਜੀਵਨ-ਸ਼ੈਲੀ ਦਾ ਨਿਰਧਾਰਣ ਕਰਦੇ ਹਨ।*

*ਕੀਵਰਡ (Keyword): ਸਵੈ-ਜੀਵਨੀ, ਢਾਈ ਸਤਰਾਂ, ਸੱਚ, ਵਿਅਕਤੀ-ਬਿੰਬ, ਸ਼ਖ਼ਸੀਅਤ, ਪਛਾਣ।*

ਮਨੁੱਖ ਅੰਦਰ ਆਪਣੇ ਬਾਰੇ ਦੂਜਿਆਂ ਨੂੰ ਦੱਸਣ ਦੀ ਪ੍ਰਵਿਰਤੀ ਸਦਾ ਭਾਰੂ ਰਹੀ ਹੈ ਅਤੇ ਉਹ ਦੂਜਿਆਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਨਵੇਂ-ਨਵੇਂ ਵਸੀਲਿਆਂ ਦਾ ਆਗਾਜ਼ ਕਰਦਾ ਰਿਹਾ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਦੂਜੇ ਮਨੁੱਖਾਂ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ ਜੁੜਿਆ ਹੋਣ ਕਰਕੇ ਇਕ ਦੂਜੇ ਨੂੰ ਜਾਣਨ-ਸਮਝਣ ਦੀ ਨਿਰੰਤਰ ਪ੍ਰਕਿਰਿਆ ਵਿੱਚ ਰਹਿੰਦਾ ਹੈ। ਮਨੁੱਖ ਅੰਦਰ ਇਹ ਪ੍ਰਵਿਰਤੀ ਸਦੀਆਂ ਤੋਂ ਭਾਰੂ ਰਹੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਬਾਰੇ ਅਤੇ ਲੋਕ ਉਸ ਬਾਰੇ ਜਾਣਕਾਰੀ ਰੱਖਦੇ ਹੋਣ। ਮਨੁੱਖ ਅੰਦਰ ਮਹਾਨ ਬਣਨ ਦੀ ਪ੍ਰਬਲ ਰੁਚੀ ਅਸਿੱਧੇ ਤੌਰ 'ਤੇ ਆਪਣੇ ਬਾਰੇ ਦੂਜਿਆਂ ਨੂੰ ਦੱਸਣ ਦੀ ਇੱਛਾ ਨਾਲ ਜੁੜੀ ਹੋਈ ਹੈ। ਮਨੁੱਖ ਆਪਣੇ ਬਾਰੇ ਦੱਸਣ ਦੀ ਅਥਾਹ ਕੋਸ਼ਿਸ਼ ਕਰਦਾ ਹੋਇਆ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਵਿੱਚ ਰਿਹਾ ਹੈ। ਆਪਣੀ ਬੌਧਿਕ ਸ਼ਕਤੀ ਦੇ ਪ੍ਰਯੋਗ ਰਾਹੀਂ ਆਪਣੇ ਬਾਰੇ ਦੂਜਿਆਂ ਨੂੰ ਦੱਸਣ ਦੀ ਰੁਚੀ ਤਹਿਤ ਹੀ ਸਵੈ-ਜੀਵਨੀ ਲਈ ਇਕ ਜ਼ਮੀਨ ਤਿਆਰ ਹੋਈ ਅਤੇ ਅਜੋਕੇ ਸਮੇਂ ਵਿਚ ਇਹ ਆਧੁਨਿਕ ਵਾਰਤਕ ਦੀ ਇਕ ਸੁਤੰਤਰ ਵਿਧਾ ਦੇ ਰੂਪ ਵਿਚ ਆਪਣੀ ਸਾਰਥਕ ਭੂਮਿਕਾ ਨਿਭਾ ਰਹੀ ਹੈ।

> *ਪੰਜਾਬੀ ਸਵੈ-ਜੀਵਨੀ ਪੱਛਮੀ ਪ੍ਰਭਾਵ ਅਤੇ ਮੁੱਢਲੀਆਂ ਅਨੁਵਾਦਿਤ ਸਵੈ-ਜੀਵਨੀਆਂ ਰਾਹੀਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਪੰਜਾਬੀ ਸਾਹਿਤ ਵਿਚ 'ਸਵੈ-ਜੀਵਨੀ' ਸ਼ਬਦ ਅੰਗਰੇਜ਼ੀ ਦੇ ਸ਼ਬਦ ਆਟੋਬਾਇਓਗ੍ਰਾਫੀ (Autobiography) ਦੇ ਸਮਾਨਰਥਕ ਵਜੋਂ ਵਰਤਿਆ ਜਾਂਦਾ ਹੈ। ਆਟੋਬਾਇਓਗ੍ਰਾਫੀ (Autobiography) ਸ਼ਬਦ Auto+Bio+Graphy ਦੇ ਸੁਮੇਲ ਤੋਂ ਬਣਿਆ ਹੈ। Auto (ਆਟੋ) ਤੋਂ ਭਾਵ ਲੇਖਕ ਦੁਆਰਾ ਖੁਦ ਲਿਖਣਾ, Bio (ਬਾਇਓ) ਤੋਂ ਭਾਵ ਉਸਦਾ ਜੀਵਨ ਬਿਉਰਾ ਅਤੇ Graphy (ਗ੍ਰਾਫ਼ੀ) ਤੋਂ ਭਾਵ ਉਸ ਦੁਆਰਾ ਲਿਖਿਆ ਗਿਆ ਇਤਿਹਾਸਕ ਬਿਰਤਾਂਤ ਹੁੰਦਾ ਹੈ।[1]*

ਸਵੈ-ਜੀਵਨੀ ਸਾਹਿਤ ਨੂੰ ਜਦੋਂ ਅਸੀਂ ਸਿਧਾਂਤਕ ਪਰਿਪੇਖ ਤੋਂ ਤਰਕ ਦੀ ਕਸਵੱਟੀ 'ਤੇ ਪਰਖਦੇ ਹਾਂ ਤਾਂ ਸਾਡੇ ਸਾਹਮਣੇ ਕਈ ਅਹਿਮ ਸਵਾਲ ਖੜੇ ਹੋ ਜਾਂਦੇ ਹਨ। ਜਿਵੇਂ ਕਿ ਸਵੈ-ਜੀਵਨੀ ਕੀ ਹੁੰਦੀ ਹੈ? ਸਵੈ-ਜੀਵਨੀ ਵਿਚ ਵਿਅਕਤੀਗਤ ਬਿੰਬ ਕਿਸ ਤਰ੍ਹਾਂ ਹੋਂਦ ਗ੍ਰਹਿਣ ਕਰਦਾ ਹੈ? ਸਵੈ-ਜੀਵਨੀ ਵਿਚ ਵਿਅਕਤਿਤਵ ਦੀ ਪੇਸ਼ਕਾਰੀ ਕਿਸ ਪ੍ਰਕਾਰ ਹੁੰਦੀ ਹੈ? ਇਨ੍ਹਾਂ ਸਵਾਲਾਂ ਨੂੰ ਨਜਿੱਠਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਵੈ-ਜੀਵਨੀ ਨੂੰ ਸਾਹਿਤ ਆਲੋਚਕਾਂ ਨੇ ਕਿਨ੍ਹਾਂ ਅਧਾਰਾਂ/ਕਸਵੱਟੀਆਂ ਉੱਤੇ ਸਮਝਣ ਦਾ ਯਤਨ ਕੀਤਾ ਹੈ। ਸਵੈ-ਜੀਵਨੀ ਨੂੰ ਵੱਖਰੇ-ਵੱਖਰੇ ਵਿਦਵਾਨਾਂ ਅਤੇ ਅਕਾਦਮਿਕ ਸੰਸਥਾਵਾਂ ਨੇ ਆਪਣੀ ਵਿਚਾਰਧਾਰਕ ਸੂਝ ਦ੍ਰਿਸ਼ਟੀ ਰਾਹੀਂ ਪਰਿਭਾਸ਼ਤ ਕੀਤਾ ਹੈ। ਇਨ੍ਹਾਂ ਵਿੱਚੋਂ ਕੁਝ ਪਰਿਭਾਸ਼ਾਵਾਂ ਨੂੰ ਆਧਾਰ ਬਣਾ ਕੇ ਅਸੀਂ ਸਵੈ-ਜੀਵਨੀ ਸਾਹਿਤ ਬਾਰੇ ਉਸਾਰੇ ਜਾਂਦੇ ਪ੍ਰਵਚਨ ਦੀ ਨਿਸ਼ਾਨਦੇਹੀ ਕਰਦੇ ਹਾਂ :

'ਐਨਸਾਈਕਲੋਪੀਡੀਆ ਅਮੈਰੀਕਾਨਾ' ਅਨੁਸਾਰ-

> *"ਸਵੈ-ਜੀਵਨੀ ਇਕ ਮਨੁੱਖ ਦੇ ਆਪਣੇ ਜੀਵਨ ਦਾ ਹੂ-ਬ-ਹੂ ਦਸਤਾਵੇਜ਼ ਹੈ। ਸਵੈ-ਜੀਵਨੀਮੂਲਕ ਦਸਤਾਵੇਜ਼ ਹਰ ਸਭਿਆਚਾਰ ਅਤੇ ਹਰ ਕਾਲ/ਸਮੇਂ ਵਿੱਚ*

 Received: 09 Feb. 2026 Accepted: 28 Feb. 2026 Published: 05 March 2026

*ਮੌਜੂਦ ਹੁੰਦੇ ਹਨ। ਪਰ ਸਵੈ-ਜੀਵਨੀ ਸਾਹਿਤਕ ਵਿਚਾਰ ਦੇ ਤੌਰ ’ਤੇ ਬਹੁਤ ਖ਼ਾਸ ਹਾਲਤਾਂ ਵਿੱਚ ਉਤਪਾਦ ਲੈ ਕੇ ਆਉਂਦੀ ਹੈ।”* [2]

‘ਦੀ ਆਕਸਫੋਰਡ ਇੰਗਲਿਸ਼ ਡਿਕਸ਼ਨਰੀ’ ਅਨੁਸਾਰ-

“ਸਵੈ-ਜੀਵਨੀ ਖ਼ੁਦ ਆਪਣੇ ਆਪ ਦੁਆਰਾ ਲਿਖਿਆ ਆਪਣਾ ਜੀਵਨ ਇਤਿਹਾਸ, ਆਪਣੀ ਜੀਵਨ ਕਹਾਣੀ ਹੁੰਦੀ ਹੈ।”[3]

ਰਾਏ ਪਾਸਕਲ (Ray Pascal) ਦੇ ਅਨੁਸਾਰ-

*“ਸਵੈ-ਜੀਵਨੀ ਸਾਹਿਤ ਦੇ ਦੂਜੇ ਰੂਪਾਂ ਦੇ ਮੁਕਾਬਲੇ ਇੱਕ ਅਜਿਹਾ ਰੂਪ ਹੈ, ਜਿਸ ਵਿੱਚ ਲੇਖਕ ਖੁਦ ਬਾਰੇ ਬੋਲਦਾ ਹੋਇਆ ਆਪਣੇ ਨਿੱਜੀ ਜੀਵਨ ਅਨੁਭਵਾਂ ਦੀ ਪੇਸ਼ਕਾਰੀ ਕਰਦਾ ਹੈ।”* [4]

ਵਿਦਵਾਨਾਂ ਦੁਆਰਾ ਉੱਪਰ ਪ੍ਰਸਤੁਤ ਕੀਤੀਆਂ ਗਈਆਂ ਪਰਿਭਾਸ਼ਾਵਾਂ ਵਿਚ ਕਾਫ਼ੀ ਹੱਦ ਤੱਕ ਸਮਾਨਤਾਵਾਂ ਹਨ। ਇਹ ਸਮਾਨਤਾਵਾਂ ਸਵੈ-ਜੀਵਨੀ ਦੇ ਸਰੂਪ ਅਤੇ ਪ੍ਰਕਾਰਜ ਸੰਬੰਧੀ ਸਤਹੀ ਪੱਧਰ ਦਾ ਗਿਆਨ ਪ੍ਰਦਾਨ ਕਰਦੀਆਂ ਹਨ। ਇਹਨਾਂ ਪਰਿਭਾਸ਼ਾਵਾਂ ਵਿਚੋਂ ਜੋ ਸਾਂਝੇ ਪੱਖ ਉੱਭਰ ਕੇ ਸਾਹਮਣੇ ਆਏ, ਉਹ ਇਸ ਪ੍ਰਕਾਰ ਹਨ, ਸਵੈ-ਜੀਵਨੀ ਜੀਵਨ ਦੀ ਹੂ-ਬੂ-ਹੂ ਪੇਸ਼ਕਾਰੀ ਕਰਦੀ ਹੈ। ਸਵੈ-ਜੀਵਨੀ ਜੀਵਨ ਦਾ ਸੰਪੂਰਨ ਇਤਿਹਾਸਕ ਵਰਨਣ ਹੁੰਦੀ ਹੈ। ਸਵੈ-ਜੀਵਨੀ ਜੀਵਨ ਦਾ ਨਿਰੋਲ ਨਿੱਜੀ ਵੇਰਵਾ ਹੁੰਦੀ ਹੈ। ਸਵੈ-ਜੀਵਨੀ ਲੰਘ ਚੁੱਕੇ ਜੀਵਨ ਦੀ ਕਲਾਤਮਕ ਪੁਨਰ ਸਿਰਜਣਾ ਹੁੰਦੀ ਹੈ। ਸਵੈ-ਜੀਵਨੀ ਸਵੈ ਦੁਆਰਾ ਸਵੈ ਦੀ ਤਸਵੀਰਕਸ਼ੀ ਹੁੰਦੀ ਹੈ। ਸਵੈ-ਜੀਵਨੀ ਨਿੱਜੀ ਜੀਵਨ ਦੀ ਯਥਾਰਥਕ ਪੇਸ਼ਕਾਰੀ ਹੁੰਦੀ ਹੈ ਅਤੇ ਸਵੈ-ਜੀਵਨੀ ਆਪਣੇ-ਆਪ ਦੇ ਸਨਮੁੱਖ ਹੋਣ ਦਾ ਨਾਂ ਹੁੰਦੀ ਹੈ।

ਹਰ ਸਾਹਿਤਕ ਕਿਰਤ ਵਿਚ ਭਾਸ਼ਾ ਵਰਤੋਂ ਦੀ ਇਕ ਵਿਸ਼ੇਸ਼ ਸਿਆਸਤ ਨੂੰ ਘੋਖਿਆ/ਪਰਖਿਆ ਜਾ ਸਕਦਾ ਹੈ। ਹਰ ਲਿਖਤ ਵਿਚ ਭਾਸ਼ਾ ਦੀ ਵਰਤੋਂ ਲੇਖਕ ਦੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਕੀਤੀ ਜਾਂਦੀ ਹੈ। ਸਵੈ-ਜੀਵਨੀ ਸਾਹਿਤ ਸੰਬੰਧੀ ਪ੍ਰਚੱਲਿਤ ਧਾਰਨਾਵਾਂ ਜਿਵੇਂ ਕਿ ਸਵੈ-ਜੀਵਨੀ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ, ਜਾਂ ਜੀਵਨ ਦਾ ਹੂ-ਬੂ-ਹੂ ਵਰਨਣ ਹੈ ਆਦਿ ਨਾਲ ਸਹਿਮਤੀ ਪ੍ਰਗਟ ਨਹੀਂ ਕੀਤੀ ਜਾ ਸਕਦੀ। ਭਾਸ਼ਾ ਵਰਤੋਂ ਦੀ ਵਿਸ਼ੇਸ਼ ਸਿਆਸਤ ਤੋਂ ਸਵੈ-ਜੀਵਨੀਕਾਰ ਕਦੇ ਵੀ ਅਭਿੱਜ ਨਹੀਂ ਰਹਿ ਸਕਦਾ। ਲੇਖਕ ਆਪਣੇ ਜੀਵਨ ਦੀ ਬਿਰਤਾਂਤਕ ਪੇਸ਼ਕਾਰੀ ਕਰਦਿਆਂ ਭਾਸ਼ਾ ਦੀ ਵਰਤੋਂ ਸੁਚੇਤ ਪੱਧਰ ‘ਤੇ ਕਰਦਾ ਹੈ, ਨਾ ਕਿ ਅਚੇਤ ਪੱਧਰ ‘ਤੇ। ਭਾਸ਼ਾ ਦੀ ਸੁਚੇਤ ਵਰਤੋਂ ਰਾਹੀਂ ਲੇਖਕ ਆਪਣੇ ਜੀਵਨ ਬਿਰਤਾਂਤ ਨੂੰ ਉਸਾਰਦਾ ਹੈ। ਲੇਖਕ ਦੀ ਜ਼ਿੰਦਗੀ ਵਿਚਲਾ ਯਥਾਰਥ ਜਦੋਂ ਭਾਸ਼ਾ ਦੀ ਸਿਆਸਤ ਰਾਹੀਂ ਲਿਖਤੀ ਰੂਪ ਅਖ਼ਤਿਆਰ ਕਰਦਾ ਹੈ ਤਾਂ ਉਸ ਵਿਚਲੇ ਕਲਪਨਾਮਈ ਅੰਸ਼ ਵੀ ਕਾਲਪਨਿਕ ਨਹੀਂ ਸਗੋਂ ਸੱਚ ਹੋਣ ਦਾ ਭਰਮ ਸਿਰਜਦੇ ਹਨ। ਇਹ ਲੇਖਕ ਦੀ ਕਲਾਤਮਕ ਜੁਗਤ ਹੈ ਜਿਸ ਰਾਹੀਂ ਉਹ ਆਪਣੇ ਜੀਵਨ ਬਿਰਤਾਂਤ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਕੁਝ ਖ਼ਾਸ ਘਟਨਾਵਾਂ ਦੀ ਮਦਦ ਰਾਹੀਂ ਬਿਰਤਾਂਤਕ ਲੜੀ ਵਿਚ ਪਰੋਂਦਾ ਹੈ। ਲੇਖਕ ਅਤੀਤ ਵਿਚ ਵਾਪਰੀਆਂ ਘਟਨਾਵਾਂ ਦੀ ਪੇਸ਼ਕਾਰੀ ਜਦ ਵਰਤਮਾਨ ਵਿਚ ਕਰਦਾ ਹੈ ਤਾਂ ਉਸ ਦਾ ਨਜ਼ਰੀਆ ਉਹ ਨਹੀਂ ਹੁੰਦਾ ਜੋ ਘਟਨਾ ਵਾਪਰਨ ਵੇਲੇ ਸੀ। ਉਹ ਆਪਣੀ ਵਿਕਸਤ ਚੇਤਨਾ ਤੇ ਭਾਸ਼ਾਈ ਯੋਗਤਾ ਨਾਲ ਅਤੀਤ ਦੀਆਂ ਘਟਨਾਵਾਂ ਦੀ ਪੁਨਰ-ਸਿਰਜਣਾ ਕਰਦਾ ਹੈ।

ਸਵੈ-ਜੀਵਨੀ ਦਾ ਨਾਇਕ ਸਵੈ-ਜੀਵਨੀਕਾਰ ਖ਼ੁਦ ਹੁੰਦਾ ਹੈ। ਉਹ ਆਪਣੀ ਵਿਸ਼ੇਸ਼ ਹੋਂਦ ਸਥਾਪਤੀ ਦੇ ਸੰਕਲਪ ਨੂੰ ਮੁੱਖ ਰੱਖਦਿਆਂ, ਸਵੈ-ਜੀਵਨੀ ਲਈ ਮਨਭਾਉਂਦਾ ਬਿਰਤਾਂਤ, ਖ਼ਾਸ ਘਟਨਾਵਾਂ ਦੀ ਚੋਣ ਅਤੇ ਸਵੈ-ਇੱਛਤ ਉਦੇਸ਼ ਪ੍ਰਾਪਤੀ ਲਈ ਪ੍ਰਵਚਨ ਸਿਰਜਦਾ ਹੈ, ਜੋ ਅਗਾਂਹ ਪਾਠਕ ’ਤੇ ਆਪਣਾ ਗ਼ਲਬਾ ਸਥਾਪਿਤ ਕਰਨ ਦੀ ਪ੍ਰਵਿਰਤੀ ਦੀ ਗੁਆਹੀ ਭਰਦਾ ਹੈ। ਬਿਰਤਾਂਤਕ ਪ੍ਰਵਚਨ ਦੀ ਰਾਜਨੀਤੀ ਪ੍ਰਤੀ ਡਾ. ਬਲਦੇਵ ਸਿੰਘ ਧਾਲੀਵਾਲ ਦੇ ਵਿਚਾਰ ਜ਼ਿਕਰਯੋਗ ਹਨ:-

*“ਜਦੋਂ ਬਿਰਤਾਂਤਕ ਪ੍ਰਵਚਨ ਦੀ ਵਰਤੋਂ ਪਾਠਕ ਦੇ ਪੈਂਤੜੇ (position) ਨੂੰ ਵਸ ਵਿਚ ਕਰਕੇ ਕਿਸੇ ਮਨਇੱਛਤ ਦਿਸ਼ਾ ਵੱਲ ਤੋਰਨ ਦੇ ਮਨਸ਼ੇ ਨਾਲ ਕੀਤੀ ਜਾਂਦੀ ਹੈ ਤਾਂ ਇਸ ਦੇ ਵਿਚਾਰਧਾਰਕ ਸਰੋਕਾਰ ਉਜਾਗਰ ਹੋ ਜਾਂਦੇ ਹਨ ਇਸੇ ਲਈ ਕੋਈ ਵੀ ਬਿਰਤਾਂਤ ਪ੍ਰਯੋਜਨ-ਮੁਕਤ ਨਹੀਂ ਹੁੰਦਾ। ਭਾਵੇਂ ਉਸ ਮੰਤਵ ਦੀ ਪੂਰਤੀ ਕਿੰਨੇ ਵੀ ਕਲਾਤਮਕ ਓਹਲੇ ਨਾਲ ਕੀਤੀ ਗਈ ਹੋਵੇ।”* [5]

ਬਿਰਤਾਂਤਕ ਪ੍ਰਵਚਨ ਦੀ ਇਸ ਪਹੁੰਚ ਦ੍ਰਿਸ਼ਟੀ ਨੂੰ ਧਿਆਨ ਹਿੱਤ ਰੱਖਦਿਆਂ ਅਸੀਂ ਸਵੈ-ਜੀਵਨੀ ਦੇ ਬਿਰਤਾਂਤਕ ਪ੍ਰਵਚਨ ਨੂੰ, ਸਵੈ-ਜੀਵਨੀਕਾਰ ਦੀ ਵਿਸ਼ੇਸ਼ ਸਿਆਸਤ ਤੋਂ ਵੱਖਰਾ ਕਰਕੇ ਨਹੀਂ ਦੇਖ ਸਕਦੇ, ਕਿਉਂਕਿ ਅਜੋਕੇ ਮਨੁੱਖ ਲਈ ਹੋਂਦ ਸਥਾਪਤੀ ਦਾ ਮਸਲਾ ਬਹੁਤ ਅਹਿਮ ਹੈ ਅਤੇ ਸਵੈ-ਜੀਵਨੀ ਇਕ ਸਾਹਿਤਕ ਵਿਧਾ ਵਜੋਂ ਰਚਨਾਕਾਰ ਦੀ ‘ਹੋਂਦ’ ਸਥਾਪਤੀ ਦੇ ਮਸਲੇ ਅਤੇ ਪ੍ਰਵਚਨ ਨੂੰ ਹੋਰ ਪਕੇਰਾ ਕਰਦੀ ਹੈ।

ਸਵੈ-ਜੀਵਨੀਕਾਰ ਖ਼ੁਦ ਆਪਣੀ ਜ਼ਿੰਦਗੀ ਦੇ ਇਤਿਹਾਸਕ ਬਿਰਤਾਂਤ ਨੂੰ ਕਲਾਤਮਕ ਜੁਗਤ ਰਾਹੀਂ ਉਸਾਰਦਾ ਹੈ ਅਤੇ ਸਵੈ-ਜੀਵਨੀ ਉਸ ਦੁਆਰਾ ਉਸਾਰੇ ਗਏ ਚਰਿੱਤਰ ਨੂੰ ਦ੍ਰਿਸ਼ਟਮਾਨ ਕਰਦੀ ਹੈ। ਲੇਖਕ ਦੁਆਰਾ ਲਿਖਿਆ ਗਿਆ ਉਸਦਾ ਆਪਣਾ ਇਤਿਹਾਸਕ ਬਿਰਤਾਂਤ ਅਤੇ ਉਸਦੀ ਜ਼ਿੰਦਗੀ ਵਿਚਲਾ ਯਥਾਰਥ ਜਦੋਂ ਲਿਖਤੀ ਰੂਪ ਅਖ਼ਤਿਆਰ ਕਰਦਾ ਹੈ, ਤਾਂ ਉਸ ਵਿਚਲੇ ਕਲਪਨਾਮਈ ਅੰਸ਼ ਵੀ ਕਾਲਪਨਿਕ ਨਹੀਂ ਸਗੋਂ ਯਥਾਰਥਕ ਹੋਣ ਦਾ ਭਰਮ ਸਿਰਜਦੇ ਹਨ। ਇਹ ਲੇਖਕ ਦੀ ਕਲਾਤਮਕ ਜੁਗਤ ਹੁੰਦੀ ਹੈ, ਜਿਸ ਰਾਹੀਂ ਉਹ ਆਪਣੇ ਜੀਵਨ-ਬਿਊਰੇ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਕੁਝ ਖ਼ਾਸ ਘਟਨਾਵਾਂ ਦੀ ਮਦਦ ਰਾਹੀਂ ਬਿਰਤਾਂਤਕ ਲੜੀ ਵਿਚ ਪਰੋ ਦਿੰਦਾ ਹੈ। ਇਸ ਪ੍ਰਕਾਰ ਸਵੈ-ਜੀਵਨੀਕਾਰ ਆਪਣੀ ਕਲਪਨਾਮਈ ਸੂਝ ਦ੍ਰਿਸ਼ਟੀ ਰਾਹੀਂ ਸਵੈ-ਜੀਵਨੀ ਨੂੰ ਰੌਚਿਕਤਾ ਭਰਪੂਰ ਬਣਾਉਣ ਦਾ ਉਪਰਾਲਾ ਕਰਦਾ ਹੈ। ਲੇਖਕ ਆਪਣੀ ਸ੍ਵੈ-ਜੀਵਨੀ ਵਿਚ ਆਪਣਾ ਇਤਿਹਾਸਕ ਬਿਰਤਾਂਤ ਇਸ ਪ੍ਰਕਾਰ ਵਿਉਂਤਦਾ ਹੈ ਕਿ ਉਸ ਦੁਆਰਾ ਸਿਰਜਿਆ ਗਿਆ ਖ਼ੁਦ ਦਾ ਜੀਵਨ ਬਿਰਤਾਂਤ ਅਤੇ ਇਸ ਬਿਰਤਾਂਤ ਵਿਚ ਸਿਰਜੀਆਂ ਗਈਆਂ ਇਤਿਹਾਸਕ ਘਟਨਾਵਾਂ ਪਾਠਕਾਂ ਨੂੰ ਖਿੱਚਣ ਅਤੇ ਉਸ ਲਿਖਤ ’ਤੇ ਲੇਖਕ ਦਾ ਗ਼ਲਬਾ ਸਥਾਪਿਤ ਕਰਨ ਵਿਚ ਕਾਮਯਾਬ ਹੋ ਜਾਣ। ਅਜਿਹੀ ਪਹੁੰਚ ਦ੍ਰਿਸ਼ਟੀ ਵਿਚਲੇ ਨੁਕਤਿਆਂ ਨੂੰ ਕੇਂਦਰ ਵਿਚ ਰੱਖ ਕੇ ਬਲਜੀਤ ਕੌਰ ਬੱਲੀ ਦੀ ਸਵੈ-ਜੀਵਨੀ ‘ਢਾਈ ਸਤਰਾਂ’ ਬਾਰੇ ਅਧਿਐਨ ਪੇਸ਼ ਕੀਤਾ ਗਿਆ ਹੈ।

ਬਲਜੀਤ ਕੌਰ ਬੱਲੀ ਪੰਜਾਬੀ ਸਾਹਿਤ ਵਿੱਚ ਇੱਕ ਕਹਾਣੀਕਾਰ ਅਤੇ ਨਾਵਲਕਾਰ ਦੇ ਤੌਰ ’ਤੇ ਆਪਣੀ ਵਿਸ਼ੇਸ਼ ਪਛਾਣ ਰੱਖਦੀ ਹੈ। ਉਸ ਨੇ ਹੁਣ ਤੱਕ ਠਰੀ ਰਾਤ, ਆਪਣੀ ਛਾਵੇਂ, ਧੁੱਪ ਦੀ ਵਾਟ, ਗੁਆਚੇ ਸੂਰਜ ਅਤੇ ਰੁੱਤ-ਕਰੁੱਤੀ ਆਦਿ ਨਾਵਲਾਂ ਤੋਂ ਇਲਾਵਾ ਕਹਾਣੀ ਦੇ ਖੇਤਰ ਵਿਚ ਵੀ ਆਪਣੀ ਕਲਮ ਅਜ਼ਮਾਈ ਹੈ।

ਲੇਖਿਕਾ ਨੇ ਆਪਣੀ ਸਵੈ-ਜੀਵਨੀ 'ਢਾਈ ਸਤਰਾਂ' ਵਿਚ ਆਪਣੇ ਬਚਪਨ, ਪੜ੍ਹਾਈ, ਨੌਕਰੀ, ਵਿਆਹੁਤਾ-ਜੀਵਨ ਅਤੇ ਰਚਨਾਤਮਕ ਜੀਵਨ ਸਫ਼ਰ ਨਾਲ ਸੰਬੰਧਿਤ ਕੁਝ ਵਿਸ਼ੇਸ਼ ਪੱਖਾਂ ਨੂੰ ਆਧਾਰ ਬਣਾ ਕੇ ਸਿਰਜਣਾ ਕੀਤੀ ਹੈ। ਇਹਨਾਂ ਪੱਖਾਂ ਨੂੰ ਮੁੱਖ ਰੱਖ ਕੇ ਸਵੈ-ਜੀਵਨੀ ਵਿਚੋਂ ਉਭਰਦੇ ਉਸ ਦੇ ਵਿਸ਼ੇਸ਼ ਬਿੰਬ ਨੂੰ ਉਲੀਕਣ ਦਾ ਯਤਨ ਕੀਤਾ ਗਿਆ ਹੈ।

'ਢਾਈ ਸਤਰਾਂ' ਸਵੈ-ਜੀਵਨੀ ਦੇ ਕੁੱਲ ਸਤਾਰ੍ਹਾਂ ਸਿਰਲੇਖ ਹਨ ਅਤੇ ਇਸ ਸਵੈ-ਜੀਵਨੀ ਦੀ ਇਹ ਵੱਖਰਤਾ ਕਹੀ ਜਾ ਸਕਦੀ ਹੈ ਕਿ ਲੇਖਿਕਾ ਨੇ ਆਪਣੇ ਜੀਵਨ ਦੀਆਂ ਮੁੱਢਲੀਆਂ ਘਟਨਾਵਾਂ ਦਾ ਵਰਣਨ ਮੈਂ ਪਾਤਰ ਦੀ ਵਿਧੀ ਰਾਹੀਂ ਕਰਨ ਦੀ ਬਜਾਏ ਆਪਣੇ ਆਪ ਤੋਂ ਦੂਰੀ ਰੱਖਦਿਆਂ ਜੀਤੋ ਨਾਂ ਦੀ ਕੁੜੀ ਨੂੰ ਮੁੱਖ ਪਾਤਰ ਵਜੋਂ ਲਿਆ ਹੈ। ਉਹ ਆਪਣੇ ਬਚਪਨ ਜਾਂ ਜੀਵਨ ਦੇ ਮੁੱਢਲੇ ਵਰ੍ਹਿਆਂ ਨੂੰ ਜੀਤੋ ਰਾਹੀਂ ਸਿਰਜਦੀ ਹੋਈ ਇਕ ਚੰਚਲ, ਬਾਗੀ ਸੁਭਾਅ ਅਤੇ ਆਪਣੇ- ਆਪ ਵਿਚ ਮਸਤ ਬਾਲੜੀ ਵਾਲਾ ਬਿੰਬ ਸਿਰਜਦੀ ਹੈ। ਲੇਖਿਕਾ ਦੇ ਬਚਪਨ ਵਾਲੀ ਜੀਤੋ ਉਸ ਨਾਲ ਪੂਰੀ ਜ਼ਿੰਦਗੀ ਕਦੇ ਅਚੇਤ ਕਦੇ ਸੁਚੇਤ ਰੂਪ ਵਿਚ ਜੁੜੀ ਰਹਿੰਦੀ ਹੈ। ਬਚਪਨ ਵਿਚਲੀਆਂ ਪ੍ਰਸਥਿਤੀਆਂ ਰਾਹੀਂ ਲੇਖਿਕਾ ਜਿਸ ਤਰ੍ਹਾਂ ਦਾ ਸੁਭਾਅ ਗ੍ਰਹਿਣ ਕਰਦੀ ਹੈ, ਉਹ ਪੂਰੀ ਜ਼ਿੰਦਗੀ ਉਸ ਦੇ ਨਾਲ ਰਹਿੰਦਾ ਹੈ। ਉਸ ਦਾ ਵਿਦਰੋਹੀ ਸੁਭਾਅ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਸਾਰੇ ਸਖ਼ਤ ਫ਼ੈਸਲੇ ਲੈਣ ਲਈ ਮਜ਼ਬੂਰ ਕਰਦਾ ਹੈ, ਜਿਸ ਕਾਰਨ ਉਸ ਨੂੰ ਬਹੁਤ ਸਾਰੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨਾ ਪਿਆ। ਲੇਖਿਕਾ ਸਵੈ-ਜੀਵਨੀ ਦੀ ਸ਼ੁਰੂਆਤ ਇੱਕ ਛੇ-ਸੱਤ ਵਰ੍ਹਿਆ ਦੀ ਬਾਲੜ੍ਹੀ ਦੇ ਜੀਵਨ ਵਰਣਨ ਰਾਹੀਂ ਕਰਦੀ ਹੈ। ਜਿਸ ਨੂੰ ਪਰਿਵਾਰਕ ਮਾਹੌਲ ਅੰਦਰ ਮਿਲੀਆਂ ਖੁੱਲ੍ਹਾਂ ਘਰੋਂ ਬਾਰਰਲੇ ਸੰਸਾਰ ਵਿੱਚ ਵਿਚਰਣ ਦੇ ਬਹੁਤ ਸਾਰੇ ਮੌਕੇ ਦਿੰਦੀਆਂ ਹਨ। ਉਸ ਦਾ ਸਾਰਾ-ਸਾਰਾ ਦਿਨ ਘਰੋਂ ਬਾਹਰ ਰਹਿ ਕੇ ਖੇਡਣਾਂ, ਪੂਰੇ ਪਿੰਡ ਵਿੱਚ ਘੁੰਮਦਿਆਂ ਵੱਖਰੇ-ਵੱਖਰੇ ਘਰਾਂ ਵਿਚੋਂ ਰੋਟੀ ਮੰਗ ਕੇ ਖਾ ਲੈਣੀ, ਬੋਹੜ੍ਹਾਂ ਪਿੱਪਲਾਂ ਤੇ ਚੜ੍ਹਨਾ ਅਤੇ ਰੋਜ਼ ਪਿੰਡ ਦੀ ਖੂਹੀ ਤੇ ਘੰਟਿਆਂ ਬੱਧੀ ਬੈਠ ਕੇ ਪਾਣੀ ਨਿਕਲਣ ਦਾ ਦ੍ਰਿਸ਼ ਵੇਖਣਾ ਆਦਿ ਘਟਨਾਵਾਂ ਉਸ ਦੇ ਬਚਪਨ ਦਾ ਕੇਂਦਰੀ ਹਿੱਸਾ ਹਨ। ਬਚਪਨ ਵਿੱਚ ਮਿਲੀਆਂ ਖੁੱਲ੍ਹਾਂ ਉਸ ਦੀ ਰਚਨਾਤਮਕ ਰੁਚੀ ਨੂੰ ਹੋਰ ਵਿਸ਼ਾਲ ਬਣਾਉਂਦੀਆਂ ਹਨ। ਜੀਤੋ ਬਚਪਨ ਵਿੱਚ ਘਰ ਤੋਂ ਬਾਹਰਲੇ ਸਮਾਜ ਵਿੱਚੋਂ ਬਹੁਤ ਸਾਰਾ ਕੁੱਝ ਸਿਖਦੀ ਹੈ, ਜੋ ਉਸ ਦੇ ਅਚੇਤ ਮਨ ਉਤੇ ਗਹਿਰੀ ਛਾਪ ਛੱਡ ਜਾਂਦਾ ਹੈ। ਜੀਤੋ ਦੇ ਬਚਪਨ ਵਿਚਲੇ ਮਾਹੌਲ ਨੇ ਉਸ ਨੂੰ ਆਪਣੀ ਉਮਰ ਦੀਆਂ ਹੋਰ ਬਾਲੜੀਆਂ ਦੇ ਮੁਕਾਬਲੇ ਜ਼ਿਆਦਾ ਚੇਤੰਨ ਬਣਾਇਆ। ਪਰਿਵਾਰਕ ਮਾਹੌਲ ਅੰਦਰ ਲੇਖਿਕਾ ਨੂੰ ਕਿਸੇ ਵੀ ਪ੍ਰਕਾਰ ਦੇ ਪਿੱਤਰੀ ਸੱਤਾ ਵਾਲੀਆਂ ਸਮਾਜਿਕ ਕਦਰਾਂ-ਕੀਮਤਾਂ ਦੇ ਦਬਾਅ ਦਾ ਸਾਹਮਣਾ ਨਹੀਂ ਕਰਨਾ ਪਿਆ। ਉਸ ਨੂੰ ਆਪਣੇ ਵਿਕਾਸ ਲਈ ਅਥਾਹ ਮੌਕੇ ਮਿਲਦੇ ਰਹੇ। ਇਸ ਗੱਲ ਦੀ ਪੁਸ਼ਟੀ ਲੇਖਿਕਾ ਦੇ ਸਵੈ ਕਥਨ ਰਾਹੀਂ ਕੀਤੀ ਜਾ ਸਕਦੀ ਹੈ:

> *"ਅਸਲ ਵਿੱਚ ਜੀਤੋ ਦਾ ਆਪਣੇ ਘਰ ਘੱਟ-ਵੱਧ ਹੀ ਜੀਅ ਲਗਦਾ। ਉਸਦੀ ਮਾਂ ਸਦਾ ਕੰਮ ਧੰਦਿਆਂ 'ਚ ਰੁੱਝੀ ਖਪਦੀ ਖਿਝਦੀ ਰਹਿੰਦੀ। ਉਸਦਾ ਬਾਪੂ ਜੀ ਸਵੇਰੇ ਹੀ ਨਹਾ ਧੋ ਕੇ ਕੰਮੀ ਧੰਦੀਂ ਮੰਡੀ ਨੂੰ ਤੁਰ ਜਾਂਦਾ। ਉਸਦਾ ਚਾਚਾ ਤੇ ਉਸ ਦੇ ਦੋਵੇਂ ਮੁੰਡੇ ਉਸਦੇ ਸੁੱਤਿਆਂ ਸੁੱਤਿਆਂ ਖੇਤੀ ਬੰਨੀ ਤੁਰ ਗਏ ਹੁੰਦੇ ਤੇ ਉਸ ਦਾ ਵੱਡਾ ਭਰਾ ਪੜ੍ਹਨ ਤੇ ਵਿਚਕਾਰਲਾ ਡੰਗਰਾਂ ਦਾ ਵੱਗ ਲੈ ਕੇ ਤੁਰ ਜਾਂਦਾ। ਛੋਟੇ ਭਰਾ ਦੀ ਜੀਤੋ ਨੂੰ ਘੱਟ ਹੀ ਖੋਜ ਖਬਰ ਹੁੰਦੀ ਕਿ ਉਹ ਕਿੱਥੇ ਹੈ। ਉਹ ਕਦੀ ਕਦੀ ਹੀ ਉਸ ਨਾਲ ਖੇਡਣ ਜਾਂਦਾ। ਇਉਂ ਜੀਤੋ ਦਾ ਘਰ ਵਿੱਚ ਇੱਕਲੀ ਕੁੜੀ ਹੋਣਾ ਤੇ ਪਰਿਵਾਰ ਦਾ ਖੇਤੀ-ਬੰਨੀ ਰੁੱਝਿਆ ਰਹਿਣਾ ਇੱਕ ਵਿਗੋਚਾ ਜਿਹਾ ਸੀ। ਜਿਸ ਕਰਕੇ ਉਸਨੇ ਸਾਰਾ ਸਾਰਾ ਦਿਨ ਘਰੋਂ ਬਾਹਰ ਰਹਿਣਾ ਸਿੱਖ ਲਿਆ ਸੀ। ਬਾਹਰਲੇ ਜੀਵਨ ਵਿੱਚ ਉਸ ਨੂੰ ਕਈ ਤਰ੍ਹਾਂ ਦੇ ਮੌਕੇ ਮਿਲਦੇ ਸਨ। ਉਹ ਕਈ ਤਰ੍ਹਾਂ ਦੀਆਂ ਖੁੱਲ੍ਹਾਂ ਲੈਂਦੀਂ ਤੇ ਮਨ ਆਈਆਂ ਵੀ ਕਰਦੀ। ਇਨ੍ਹਾਂ ਖੁੱਲ੍ਹਾਂ ਚੋਂ ਹੀ ਜੀਤੋ ਨੇ ਨਕਲਾਂ ਉਤਾਰਨ ਦੀ ਕਲਾ ਸਿੱਖ ਲਈ ਸੀ।"*[6]

ਜੀਤੋ ਸਾਧਾਰਨ ਪਰਿਵਾਰਿਕ ਮਾਹੌਲ ਵਿੱਚ ਵਿਚਰਦਿਆਂ ਸੁਖਾਵਾਂ ਬਚਪਨ ਹੰਢਾਉਂਦੀ ਹੈ ਅਤੇ ਨਾਲ-ਨਾਲ ਸਮਾਜਿਕ ਸਥਿਤੀਆਂ ਵਿਚੋਂ ਬਹੁਤ ਸਾਰਾ ਕੁਝ ਸਿਖਦੀ ਹੈ। ਬਚਪਨ ਵਿੱਚ ਸਹਿਜ ਵਾਪਰੀਆਂ ਘਟਨਾਵਾਂ ਨੂੰ ਉਹ ਇੱਕ ਲੰਮੇ ਤਜਰਬੇ ਤੋਂ ਬਾਅਦ ਸ਼ਬਦੀ ਰੂਪ ਦਿੰਦੀ ਹੈ। ਬਚਪਨ ਨੂੰ ਪੁਨਰ ਸਿਰਜਤ ਕਰਨ ਦੀ ਇਸ ਪ੍ਰਕਿਰਿਆ ਵਿੱਚ ਲੇਖਿਕਾ ਬਹੁਤ ਸਾਰੀਆਂ ਗਲਪੀ ਜੁਗਤਾਂ ਦਾ ਸਹਾਰਾ ਲੈਂਦੀ ਹੈ। ਇਸ ਕਾਰਨ ਸਵੈ-ਜੀਵਨੀ ਨੂੰ ਨਿਰੋਲ ਸੱਚ ਦੀ ਪੇਸ਼ਕਾਰੀ ਕਰਨ ਵਾਲੀ ਵਿਧਾ ਨਹੀਂ ਸਗੋਂ ਗਾਲਪਨਿਕ ਜੁਗਤਾਂ ਰਾਹੀਂ ਹੋਂਦ ਗ੍ਰਹਿਣ ਕਰਨ ਵਾਲੀ ਵਿਧਾ ਕਿਹਾ ਜਾ ਸਕਦਾ ਹੈ। ਲੇਖਿਕਾ ਜੀਵਨ ਦੇ ਇਕ ਵਿਸ਼ੇਸ਼ ਪੜਾਅ ਤੇ ਪਹੁੰਚਣ ਉਪਰੰਤ ਆਪਣੇ ਬਚਪਨ ਦੀ ਪੁਨਰ-ਸੁਰਜੀਤੀ ਕਰਦੀ ਹੋਈ ਆਪਣੀ ਸ਼ਖ਼ਸੀਅਤ ਦੇ ਵਿਸ਼ੇਸ਼ ਪੱਖਾਂ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਬਚਪਨ ਦਾ ਜੀਵਨ-ਬਿੰਬ ਚਿਤਰਦੀ ਹੈ ਅਤੇ ਇਹ ਬਿੰਬ ਉਸ ਨੂੰ ਸਾਧਾਰਨ ਕੁੜੀਆਂ ਦੇ ਮੁਕਾਬਲੇ ਖੁੱਲੇ ਮਾਹੌਲ ਦੀ ਪੈਦਾਇਸ਼ ਸ਼ਖ਼ਸੀਅਤ ਬਣਾਉਂਦਾ ਹੈ।

ਸਮਾਜਿਕ ਵਿਅਕਤੀ ਪ੍ਰਸਥਿਤੀਆਂ ਦੀ ਉਪਜ ਹੁੰਦਾ ਹੈ, ਪ੍ਰਸਥਿਤੀਆਂ ਦੇ ਬਦਲਣ ਨਾਲ ਵਿਅਕਤੀ ਵਿਸ਼ੇਸ਼ ਦੇ ਵਿਅਕਤਿਤਵ ਵਿੱਚ ਵੀ ਬਦਲਾਵ ਵਾਪਰਦੇ ਰਹਿੰਦੇ ਹਨ। ਜੀਤੋ ਦੇ ਜੀਵਨ ਵਿੱਚ ਅਗਲਾ ਪ੍ਰਮੁੱਖ ਬਦਲਾਅ ਉਸ ਦੇ ਸਕੂਲੀ ਜੀਵਨ ਰਾਹੀਂ ਆਉਂਦਾ ਹੈ, ਜਿੱਥੇ ਉਸ ਨੂੰ ਬਹੁਤ ਸਾਰਾ ਕੁੱਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਹੈ। ਲੇਖਿਕਾ ਦੇ ਕਹਿਣ ਮੁਤਾਬਿਕ ਉਸ ਸਮੇਂ ਕੁੜੀਆਂ ਦੀ ਪੜ੍ਹਾਈ ਲਿਖਾਈ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਸੀ ਦਿੱਤਾ ਜਾਂਦਾ। ਲੇਖਿਕਾ ਦੇ ਉੱਚ ਖਿਆਲੀ ਪਿਤਾ ਦੁਆਰਾ ਪਿੰਡ ਵਿੱਚ ਕੁੜੀਆਂ ਲਈ ਸਕੂਲ ਖੁਲਵਾਉਣ ਲਈ ਉਪਰਾਲੇ ਕੀਤੇ ਗਏ ਤੇ ਜਿਸ ਪਿਛੋਂ ਪਿੰਡ ਵਿੱਚ ਕੁੜੀਆਂ ਲਈ ਪੜ੍ਹਾਈ ਦਾ ਪ੍ਰਬੰਧ ਹੋਇਆ। ਖੁੱਲ੍ਹੇ ਮਾਹੌਲ ਵਿੱਚ ਖੇਡਣ ਵਾਲੀ ਜੀਤੋ ਨੂੰ ਸਾਰਾ ਦਿਨ ਸਕੂਲ ਵਿੱਚ ਬੈਠ ਕੇ ਪੜ੍ਹਨਾ ਬੰਧਨ ਲੱਗਣ ਲੱਗਾ। ਮੁੱਢਲੀ ਪੜ੍ਹਾਈ ਦੇ ਵਰ੍ਹਿਆਂ ਦੌਰਾਨ ਲੇਖਿਕਾ ਇੱਕ ਅਧਿਆਪਕਾ ਦੇ ਪ੍ਰਭਾਵ ਹੇਠ ਇੱਕ ਨਵੀਂ ਪਛਾਣ ਗ੍ਰਹਿਣ ਕਰਦੀ ਹੈ, ਜੋ ਕਿ ਕਿਸੇ ਦੂਸਰੇ ਸਮਾਜਿਕ ਵਿਅਕਤੀ ਦੁਆਰਾ ਉਸ ਨੂੰ ਦਿੱਤੀ ਜਾਂਦੀ ਹੈ। ਇਹ ਸਮਾਜਿਕ ਪਛਾਣ ਦਾ ਮੁੱਢਲਾ ਰੂਪ ਹੈ ਜੋ ਕਿ ਲੇਖਿਕਾ ਨੂੰ ਆਪਣੇ ਪਰਿਵਾਰ ਤੋਂ ਬਾਹਰ ਇਕ ਵਿਸ਼ੇਸ਼ ਸਮਾਜਿਕ ਸਥਿਤੀ ਅਧੀਨ ਮਿਲਦੀ ਹੈ। ਇਸ ਦੀ ਸਥਾਪਤੀ ਇਕ ਘਟਨਾ ਰਾਹੀਂ ਕੀਤੀ ਜਾ ਸਕਦੀ ਹੈ:

> *"ਦਲੀਪ ਭੈਣ ਜੀ ਦੇ ਸਕੂਲ ਵਿੱਚ ਆਉਂਣ ਦੀ ਦੇਰ ਸੀ ਜੀਤੋ ਜਿਵੇਂ ਆਪਣੇ ਆਪ ਨੂੰ ਵੱਡੀ ਹੋ ਗਈ ਮਹਿਸੂਸ ਕਰਨ ਲੱਗੀ। ਦਲੀਪ ਭੈਣ ਜੀ ਨੇ ਆਉਂਦਿਆਂ ਹੀ ਜੀਤੋ ਨੂੰ ਉਸ ਦੇ ਅਸਲੀ ਨਾਮ ਬਲਜੀਤ ਕੌਰ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਜੀਤੋ ਨੂੰ ਜਦੋਂ ਕੋਈ ਕੁੜੀ ਉਸਦਾ ਪਹਿਲਾ ਨਾਂ ਜੀਤੋ ਕਹਿਕੇ ਬੁਲਾਉਂਦੀ ਤਾਂ ਉਹ ਸਿੱਧੀ ਉਸ ਦੇ ਗੱਲ ਪੈ ਜਾਂਦੀ ਜਾਂ ਅੱਗੋਂ ਕੁੱਝ ਬੋਲਦੀ ਹੀ ਨਾ। ਜਦੋਂ ਬੁਲਾਉਣ ਵਾਲਾ ਪੁੱਛਦਾ ਕਿ 'ਤੂੰ ਬੋਲਦੀ ਕਿਉਂ*

 ISSN: 2583-9446 (O)

*ਨਹੀਂ?' ਤਾਂ ਉਹ ਬੜੇ ਮਜਾਜ ਨਾਲ ਕਹਿੰਦੀ, "ਮੈਨੂੰ ਕੀ ਪਤੇ ਤੂੰ ਕੀਹਨੂੰ ਬੁਲਾਇਆ?"*

*ਇਉਂ ਬਾਈ ਜੀ ਦੇ ਦਿੱਤੇ ਉਪਦੇਸ਼, ਬਾਪੂ ਜੀ ਦੀਆਂ ਨਸੀਹਤਾਂ ਤੇ ਮਾਂ ਦੀਆਂ ਦਿਤੀਆਂ ਸਹਿਜ ਸਿਆਣਪਾਂ ਕਰਕੇ ਜੀਤੋ ਇੱਕਦਮ ਜੀਤੋ ਤੋਂ ਬਲਜੀਤ ਬਣ ਗਈ।"*[7]

ਲੇਖਿਕਾ ਆਪਣੇ ਨਾਮ ਨਾਲ ਜੁੜੀ ਪਛਾਣ ਨੂੰ ਅਚੇਤ ਪੱਧਰ ਤੇ ਗ੍ਰਹਿਣ ਕਰਦੀ ਹੋਈ ਆਪਣੇ ਆਪ ਨੂੰ ਵਿਸ਼ੇਸ਼ ਮਹਿਸੂਸ ਕਰਦੀ ਹੈ। ਪਰ ਲੇਖਿਕਾ ਆਪਣੀ ਰਚਨਾ ਪ੍ਰਕਿਰਿਆ ਉੱਪਰ ਆਪਣੀ ਅਧਿਆਪਕਾ ਦਾ ਪ੍ਰਭਾਵ ਸੁਚੇਤ ਰੂਪ ਵਿੱਚ ਗ੍ਰਹਿਣ ਕਰਦੀ ਹੈ। ਸਕੂਲੀ ਪੜ੍ਹਾਈ ਦੌਰਾਨ ਅਧਿਆਪਕਾ ਰਾਹੀਂ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਨ ਲਈ ਕੀਤੇ ਗਏ ਯਤਨ ਲੇਖਿਕਾ ਅੰਦਰ ਸਾਹਿਤ ਰਚਨਾ ਕਰਨ ਲਈ ਇੱਕ ਜ਼ਮੀਨ ਤਿਆਰ ਕਰਦੇ ਹਨ। ਲੇਖਿਕਾ ਦੇ ਸੁਭਾਅ ਅਨੁਸਾਰ ਉਸ ਅੰਦਰ ਹਰ ਸਮੇਂ ਕੁਝ ਨਵਾਂ ਕਰਨ ਜਾਂ ਜਾਣਨ ਦੀ ਤੀਬਰ ਇੱਛਾ ਸੀ, ਜਿਸ ਨੇ ਉਸ ਨੂੰ ਨਿਰੰਤਰ ਸਾਹਿਤਕ ਪ੍ਰਕਿਰਿਆ ਨਾਲ ਜੋੜੀ ਰੱਖਿਆ। ਇਸ ਸੰਬੰਧੀ ਲੇਖਿਕਾ ਦਾ ਸਵੈ ਕਥਨ ਵੇਖਿਆ ਜਾ ਸਕਦਾ ਹੈ:-

*"ਇਸੇ ਤਰ੍ਹਾਂ ਜਦੋਂ ਵੀ ਕਦੇ ਕੋਈ ਮੇਰੇ ਰਚਨਾਤਮਕ ਕਾਰਜ ਬਾਰੇ ਪੁੱਛਦਾ ਹੈ ਕਿ, ਤੁਸੀ ਲਿਖਣ ਵੱਲ ਕਦੋਂ ਆਏ? ਜਾਂ ਤੁਹਾਨੂੰ ਕਿੱਥੋਂ ਇਹ ਜਾਗ ਲੱਗੀ? ਜਾਂ ਸਭ ਤੋਂ ਪਹਿਲੀ ਤੁਹਾਡੀ ਕਿਹੜੀ ਰਚਨਾ ਹੈ? ਤਾਂ ਮੇਰੇ ਸਾਹਮਣੇ ਜ਼ਿੰਦਗੀ ਦਾ ਉਹ ਸਫਾ ਖੁੱਲ੍ਹ ਜਾਂਦਾ ਹੈ ਜਿੱਥੇ ਮੇਰੀ ਡਾਇਰੀ ਦੇ ਪੰਨੇ ਅਤੇ 'ਕਿਰਨ' ਨਾਂ ਦਾ ਰਸਾਲਾ ਅੰਕਿਤ ਹੋਇਆ ਹੁੰਦਾ ਹੈ। ਤੇ ਪੁੱਛਣ ਵਾਲੇ ਮੁਲਾਕਾਤੀਆਂ ਨੂੰ ਅਕਸਰ ਮੈਂ ਦੱਸਦੀ ਰਹਿੰਦੀ ਹਾਂ:*

*''ਇਹ ਜਾਗ ਬਹੁਤ ਪਹਿਲਾਂ ਮੈਨੂੰ ਬਚਪਨ ਵਿੱਚ ਲੱਗ ਗਈ ਸੀ, ਜਦੋਂ ਮੈਂ ਪੰਜਵੀਂ 'ਚ ਪੜ੍ਹਦੀ ਸਾਂ। ਉਸ ਸਮੇਂ ਰਚਨਾ ਦਾ ਬੀਜ ਦਲੀਪ ਭੈਣ ਜੀ ਨੇ ਮੇਰੇ ਅੰਦਰ ਬੀਜ ਦਿੱਤਾ ਸੀ। ਉਨ੍ਹਾਂ ਨੇ ਉਸ ਸਮੇਂ ਮੈਨੂੰ ਕਵਿਤਾ ਲਿਖਣੀ ਤੇ ਬੋਲਣੀ ਸਿਖਾ ਦਿੱਤੀ ਸੀ। ਡਾਇਰੀ ਲਿਖਣ ਲਈ ਪ੍ਰੇਰਿਤ ਵੀ ਕੀਤਾ ਤੇ ਮੇਰੀ ਹੱਥ ਲਿਖਤ ਰਾਹੀਂ 'ਕਿਰਨ' ਨਾਂ ਦਾ ਰਸਾਲਾ ਕੱਢਿਆ ਜਾਂਦਾ ਰਿਹਾ ਸੀ ......ਪਰ ਉਸ ਬੀਜ ਤੋਂ ਬੂਟਾ ਬਣਨ ਤੱਕ ਦੀ ਭੂਮਿਕਾ ਮੇਰੀ ਜ਼ਿੰਦਗੀ ਦੀਆਂ ਕਠੋਰ ਹਕੀਕਤਾਂ ਜਾਂ ਸਥਿਤੀਆਂ ਨੇ ਹੀ ਨਿਭਾਈ ਹੈ।"*[8]

ਲੇਖਿਕਾ ਆਪਣੇ ਸਾਹਿਤਕ ਸਫ਼ਰ ਦਾ ਆਰੰਭ ਇਕ ਅਧਿਆਪਕਾ ਰਾਹੀਂ ਉਸ ਅੰਦਰ ਪੈਦਾ ਕੀਤੀ ਗਈ ਲਗਨ ਨੂੰ ਮੰਨਦੀ ਹੈ ਜਿਸ ਨੇ ਉਸ ਨੂੰ ਸਾਹਿਤਕ ਖੇਤਰ ਅੰਦਰ ਵਿਸ਼ੇਸ਼ ਪਛਾਣ ਬਣਾਉਣ ਲਈ ਰਾਹ ਪੱਧਰਾ ਕੀਤਾ। ਪੜ੍ਹਾਈ ਦੇ ਇਹਨਾਂ ਵਰ੍ਹਿਆਂ ਦੌਰਾਨ ਉਸ ਨੂੰ ਕਿਸੇ ਵੀ ਪ੍ਰਕਾਰ ਦੀ ਸਮਾਜਿਕ, ਆਰਥਿਕ ਜਾਂ ਪਰਿਵਾਰਕ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਸੁਤੰਤਰ ਜੀਵਨ ਜਿਉਣ ਦੀ ਚਾਹਤ ਕਾਰਨ ਉਨ੍ਹਾਂ ਨੂੰ ਆਪਣੀ ਨੌਕਰੀ ਦੇ ਸਮੇਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਦੇ ਜੀਵਨ ਦੇ ਇਸ ਪੜਾਅ ਨੂੰ ਹੀ ਸਭ ਤੋਂ ਮਹੱਤਵਪੂਰਨ ਪੜਾਅ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੀ ਸੁਤੰਤਰ ਜੀਵਨ ਜਿਉਣ ਦੀ ਤਾਂਘ ਉਸ ਨੂੰ ਪਿੱਤਰੀ ਸੱਤਾ ਵਾਲੇ ਸਮਾਜ ਦੇ ਵਿਰੋਧ ਵਿੱਚ ਖੜ੍ਹਾ ਕਰ ਦਿੰਦੀ ਹੈ। ਆਪਣੇ ਸਕੂਲ ਅਧਿਆਪਕੀ ਦੇ ਸਮੇਂ ਉਹਨਾਂ ਨੂੰ ਪਿੱਤਰੀ ਸੱਤਾ ਦੀ ਪੈਰਵੀ ਕਰਦੇ ਅਧਿਆਪਕਾਂ ਦੁਆਰਾ ਹਰ ਤਰ੍ਹਾਂ ਨਾਲ ਤੰਗ ਕੀਤਾ ਜਾਂਦਾ ਰਿਹਾ। ਪਰ ਉਸਨੇ ਆਪਣੇ ਸਵੈ-ਮਾਣ ਨੂੰ ਕਾਇਮ ਰੱਖਦਿਆਂ ਇਨ੍ਹਾਂ ਅਲਾਮਤਾਂ ਦਾ ਸਾਹਮਣਾ ਕਰਦਿਆਂ ਆਪਣੀ ਸੁਤੰਤਰ ਜੀਵਨ ਜਿਉਣ ਦੀ ਲਾਲਸਾ ਨੂੰ ਬਰਕਰਾਰ ਰੱਖਿਆ। ਇਸ ਕਥਨ ਨੂੰ ਉਸ ਦੇ ਸਵੈ-ਜੀਵਨੀ ਵਿਚਲੇ ਬਿਰਤਾਂਤ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ:

*"ਤੁਸੀਂ ਵੈਸੇ ਵੀ ਅੰਦਾਜ਼ਾ ਲਗਾ ਸਕਦੇ ਹੋ ਕਿ ਜਦੋਂ ਕਿਸੇ ਔਰਤ ਦਾ ਘਰ ਟੁੱਟਿਆ ਹੋਵੇ ਜਾਂ ਉਹ ਆਪਣੀਆਂ ਕੀਮਤਾਂ ਤੇ ਜ਼ਿੰਦਗੀ ਬਸਰ ਕਰਨੀ ਚਾਹੁੰਦੀ ਹੋਵੇ ਤਾਂ ਉਸਨੂੰ ਸਮਾਜ ਵਿੱਚ ਕਿਹੜੀਆਂ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜ ਨਾਲ ਕਿਹੋ ਜਿਹੀ ਟੱਕਰ ਲੈਣੀ ਪੈਂਦੀ ਹੈ। ਅਧਿਆਪਨ ਜੀਵਨ ਵਿੱਚ ਕਿਹੜੀਆਂ ਕਿਹੜੀਆਂ ਮੁਸ਼ਕਿਲਾਂ ਆਉਂਦੀਆਂ ਹਨ? ਬੀ. ਈ. ਉਜ, ਡੀ. ਈ. ਉਜ ਤੇ ਮੁਖੀ ਉਸਨੂੰ ਕਿਸ ਨਿਗਾਹ ਨਾਲ ਵੇਖਦੇ ਹਨ? ਜਾਂ ਉਸ ਨੂੰ ਕੀ ਸਮਝਦੇ ਹਨ? ਉਸ ਤੋਂ ਕੀ ਚਾਹੁੰਦੇ ਹਨ? ਜੇ ਉਨ੍ਹਾਂ ਦੇ ਉਲਟ ਕੋਈ ਅਧਿਆਪਕ(ਔਰਤ) ਸਟੈਂਡ ਲੈਂਦੀ ਹੈ ਤਾਂ ਉਸਨੂੰ ਕਿਹੜੀਆਂ ਔਕੜਾਂ ਆਉਂਦੀਆਂ ਹਨ। ਬਦਲੀ ਦੂਰ ਦੁਰਾਡੇ ਕਰ ਦਿੱਤੀ ਜਾਂਦੀ ਹੈ। ਉਸ ਦੀਆਂ ਰਿਪੋਟਾਂ ਮਹਿਕਮੇ ਨੂੰ ਠੀਕ ਨਹੀਂ ਭੇਜੀਆਂ ਜਾਂਦੀਆਂ। ਉਸਦੀ ਐਫੀਸ਼ੀਐਂਸੀ (ਨਿਪੁੰਨਤਾ) ਕਰਾਸ ਨਹੀਂ ਹੁੰਦੀ, ਇਨਕਰੀਮੈਂਟ ਰੋਕ ਲਏ ਜਾਂਦੇ ਹਨ। ਇਥੋਂ ਤੱਕ ਕਿ ਉਸਦੀ ਸਰਵਿਸ ਬੁੱਕ ਹੀ ਗਾਇਬ ਕਰ ਦਿਤੀ ਜਾਂਦੀ ਹੈ। ਅਜਿਹੇ ਕੰਮਾਂ ਨੂੰ ਦਰੁਸਤ ਕਰਾਉਣ ਲਈ ਉਸਦੇ ਵਾਰੀ ਵਾਰੀ ਗੇੜੇ ਲਗਵਾਏ ਜਾਂਦੇ ਹਨ ਆਦਿ। ਇਹੋ ਜਿਹੀਆਂ ਅਲਾਮਤਾਂ ਸਹੇੜਨੀਆਂ ਪੈਂਦੀਆਂ ਹਨ। ਮੈਂ ਇਨ੍ਹਾਂ ਅਲਾਮਤਾਂ ਵਿਚੋਂ ਲੰਘੀ ਹਾਂ।"* [9]

ਸਵੈ ਜੀਵਨੀ ਲੇਖਿਕਾ ਆਪਣੇ ਸਕੂਲ ਅਧਿਆਪਕਾ ਦੇ ਪੇਸ਼ੇ ਦੌਰਾਨ ਆਪਣੇ ਨਾਲ ਹੋਈ ਵਧੀਕੀ ਜਾਂ ਜ਼ਿਆਦਤੀ ਨੂੰ ਸਵੈ ਜੀਵਨੀ ਦਾ ਹਿੱਸਾ ਬਣਾਉਂਦੀ ਹੈ, ਪ੍ਰੰਤੂ ਲੇਖਿਕਾ ਇਹਨਾਂ ਵਧੀਕੀਆਂ ਸੰਬੰਧੀ ਕੀਤੇ ਗਏ ਪ੍ਰਤੀਕਰਮ ਨਾਲ ਸੰਬੰਧਿਤ ਘਟਨਾਵਾਂ ਨੂੰ ਸਵੈ ਜੀਵਨੀ ਦਾ ਹਿੱਸਾ ਨਹੀਂ ਬਣਾਉਂਦੀ। ਇਸ ਤਰ੍ਹਾਂ ਲੇਖਿਕਾ ਗਲਪੀ ਜੁਗਤ ਰਾਹੀਂ ਪਾਠਕ ਨਾਲ ਕਲਾਤਮਕ ਓਹਲਾ ਰੱਖਦੀ ਹੋਈ ਮਨ-ਇੱਛਤ ਸਵੈ ਬਿੰਬ ਨੂੰ ਉਭਾਰਦੀ ਹੈ। ਇਸ ਪ੍ਰਕਾਰ ਉਹ ਪਾਠਕ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਹੋ ਜਾਂਦੀ ਹੈ।

ਲੇਖਿਕਾ ਦਾ ਆਪਣੇ ਅਨੁਸਾਰੀ ਕਦਰਾਂ-ਕੀਮਤਾਂ ਰਾਹੀਂ ਜਿਉਣਾ ਉਸ ਲਈ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਜਿਨ੍ਹਾਂ ਦਾ ਵਰਣਨ ਲੇਖਿਕਾ ਨੇ ਸਵੈ-ਜੀਵਨੀ ਵਿੱਚ ਕਰਨ ਤੋਂ ਇਲਾਵਾ ਆਪਣੀਆਂ ਹੋਰ ਰਚਨਾਵਾਂ ਵਿੱਚ ਵੀ ਕੀਤਾ ਹੈ, ਜਿਨ੍ਹਾਂ ਬਾਰੇ ਸੰਖੇਪ ਵਰਣਨ ਸਵੈ-ਜੀਵਨੀ ਵਿੱਚ ਕੀਤਾ ਮਿਲਦਾ ਹੈ। ਲੇਖਿਕਾ ਦੇ ਨਾਵਲ ਅਤੇ ਕਹਾਣੀਆਂ ਵਿਚਲੀਆਂ ਔਰਤਾਂ ਲੇਖਿਕਾ ਦੇ ਵਿਅਕਤੀ ਬਿੰਬ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਸੰਬੰਧੀ ਲੇਖਿਕਾ ਦੇ ਕਥਨ ਨੂੰ ਵੇਖਿਆ ਜਾ ਸਕਦਾ ਹੈ:

*"ਜਿਥੋਂ ਤੱਕ ਮੇਰੀਆਂ ਰਚਨਾਵਾਂ ਵਿਚਲੀਆਂ ਇਸਤਰੀ ਪਾਤਰਾਂ ਦਾ ਸਬੰਧ ਹੈ ਉਨ੍ਹਾਂ ਉਤੇ ਵੀ ਮੇਰੀ ਸਖ਼ਸ਼ੀਅਤ ਦਾ ਪ੍ਰਭਾਵ ਰਿਹਾ ਹੋਵੇਗਾ। ਪਰ ਇਹ ਦੱਸਣਾ ਕਾਫੀ ਮੁਸ਼ਕਿਲ ਹੋਏਗਾ ਕਿ ਇਹ ਪ੍ਰਭਾਵ ਕਿੱਥੇ-ਕਿੱਥੇ ਤੇ ਮੇਰੀਆਂ ਕਿਨ੍ਹਾਂ-ਕਿਨ੍ਹਾਂ ਰਚਨਾਵਾਂ ਵਿਚ ਕਿੰਨੇ ਜਾਂ ਕਿਹੜੇ ਰੂਪ ਵਿਚ ਪਿਆ ਹੈ। ਜਾਂ ਮੇਰੇ ਨਾਵਲਾਂ ਵਿੱਚਲੀਆਂ ਇਸਤਰੀ ਪਾਤਰਾਂ ਨੇ ਇਸ ਪ੍ਰਭਾਵ ਨੂੰ ਕਿੰਨਾ ਜਾਂ ਕਿਵੇਂ*

*ਕਬੂਲਿਆ ਹੈ। ਸੱਚ ਤਾਂ ਇਹ ਹੈ ਕਿ ਕੋਈ ਵੀ ਰਚਨਾ ਰਚਨਾਕਾਰ ਤੋਂ ਵੱਖ ਨਹੀਂ ਹੁੰਦੀ। ਉਹ ਵੱਖ ਹੁੰਦੀ ਹੋਈ ਵੀ ਅਦਿੱਖ ਰੂਪ ਵਿੱਚ ਉਸਦੇ ਨਾਲ ਹੁੰਦੀ ਹੈ। ਤੇ ਨਾਲ ਹੁੰਦੀ ਹੋਈ ਵੀ ਉਸ ਤੋਂ ਵੱਖ।"*[10]

ਲੇਖਿਕਾ ਦੀਆਂ ਦੂਸਰੀਆਂ ਰਚਨਾਵਾਂ ਵਿੱਚੋਂ ਵੀ ਉਸ ਦੇ ਵਿਅਕਤੀ ਬਿੰਬ ਦੀ ਪਛਾਣ ਉੱਭਰ ਕੇ ਸਾਹਮਣੇ ਆਉਂਦੀ ਹੈ, ਜੋ ਕਿ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸ ਦੇ ਨਿੱਜੀ ਤਜਰਬਿਆਂ ਦੀ ਹੀ ਦੇਣ ਹੈ। ਲੇਖਿਕਾ ਪਿੱਤਰੀ ਸੱਤਾ ਵਾਲੇ ਸਮਾਜਿਕ ਪ੍ਰਬੰਧ 'ਚ ਆਪਣੀ ਵਿਸ਼ੇਸ਼ ਪਛਾਣ ਬਣਾਉਣ ਲਈ ਸਥਾਪਿਤ ਵਿਵਸਥਾ ਨਾਲ ਸ਼ੰਘਰਸ ਕਰਦੀ ਹੈ। ਇਸ ਸਮਾਜਿਕ ਪ੍ਰਬੰਧ ਅੰਦਰ ਵਿਆਹ ਨਾਂ ਦੀ ਸੰਸਥਾ ਨੂੰ ਸਭ ਤੋਂ ਜ਼ਿਆਦਾ ਮਹੱਤਵਪੂਰਨ ਮੰਨਿਆ ਜਾਂਦਾ ਹੈ। ਜਿਸ ਅੰਦਰ ਔਰਤ ਦੀ ਹਾਲਤ ਸਦਾ ਤਰਸਯੋਗ ਰਹੀ ਹੈ ਕਿਉਂਕਿ ਮਰਦ ਪ੍ਰਧਾਨ ਸਮਾਜ ਅੰਦਰ ਔਰਤ ਦੀਆਂ ਭਾਵਨਾਵਾਂ ਦਾ ਹਮੇਸ਼ਾ ਹੀ ਦਮਨ ਹੋਇਆ ਹੈ ਅਤੇ ਔਰਤ ਨੂੰ ਘਰ ਅੰਦਰ ਕੈਦ ਰੱਖਣ ਦੀ ਪ੍ਰਵਿਰਤੀ ਮਰਦ ਅੰਦਰ ਸਦਾ ਹੀ ਭਾਰੂ ਰਹੀ ਹੈ। ਲੇਖਿਕਾ ਆਪਣੇ ਸਹੁਰੇ ਪਰਿਵਾਰ ਅੰਦਰ ਅਜਿਹੇ ਹੀ ਵਿਵਹਾਰ ਦਾ ਸਾਹਮਣਾ ਕਰਦੀ ਹੈ। ਇਸ ਦੀ ਉਦਾਹਰਨ ਇਸ ਪ੍ਰਕਾਰ ਹੈ:

*"ਪਤਾ ਨਹੀਂ ਕਿਉਂ ਉਸ ਘਰ ਵਿੱਚ ਮੈਥੋਂ ਹਰ ਗੱਲ ਦਾ ਉਹਲਾ ਤੇ ਹਰ ਗੱਲ ਦੀ ਚੋਰੀ ਰੱਖੀ ਜਾਂਦੀ ਸੀ। ਸ਼ਾਇਦ ਇਹ ਉਸ ਘਰ ਦਾ ਰਿਵਾਜ ਸੀ ਜਾਂ ਮਿੱਸੇ ਟੱਬਰ ਦੀਆਂ ਮਜ਼ਬੂਰੀਆਂ ਹੁੰਦੀਆਂ ਹੋਣਗੀਆਂ। ਸੱਸ ਦਾ ਚਾਅ ਤਾਂ ਘਰ ਦੀ ਦਿਹਲੀ ਤੇ ਕਦਮ ਰੱਖਦਿਆਂ ਹੀ ਚੂਰ ਚੂਰ ਹੋ ਗਿਆ ਸੀ। ਦੋ ਤਿੰਨ ਘੰਟਿਆਂ ਬਾਦ ਸਰਦਾਰ ਸਾਹਿਬ ਦੇ ਸੁਭਾਅ, ਪਿਆਰ ਅਤੇ ਮਨਸ਼ਾ ਦਾ ਵੀ ਪਤਾ ਲੱਗ ਗਿਆ ਸੀ ਕਿ ਆਉਣ ਵਾਲੇ ਸਮੇਂ ਵਿੱਚ ਮੇਰੀ ਕੀ ਔਕਾਤ ਹੋਵੇਗੀ। ਜਦੋਂ ਮੇਰੀ ਵਿਚੋਲਣ ਨੇ ਮੇਰੇ ਲਈ ਸਰਦਾਰ ਸਾਬ੍ਹ ਤੋਂ ਸਿਰ ਦੁੱਖਦੇ ਦੀ ਗੋਲੀ ਦੀ ਮੰਗ ਕੀਤੀ ਤਾਂ ਉਸ ਨੇ ਪਤਾ ਨਹੀਂ ਕਿਸ ਨੂੰ ਸੁਣਾਉਣ ਲਈ ਕਿਹਾ ਸੀ। "ਵਿਆਹ ਕੇ ਲਿਆਉਣੀ ਸੀ ਲਿਆ ਦਿਤੀ, ਹੁਣ ਤੁਸੀਂ ਜਾਣੋ ਤੁਹਾਡਾ ਕੰਮ ਜਾਣੇ।"*[11]

ਲੇਖਿਕਾ ਆਪਣੀ ਨਾਰੀ ਪਛਾਣ ਨੂੰ ਉਭਾਰਦੀ ਹੋਈ ਮਰਦ ਦੁਆਰਾ ਨਾਰੀ ਤੇ ਕੀਤੇ ਜਾਂਦੇ ਤਸ਼ੱਦਦ ਨੂੰ ਰੂਪਮਾਨ ਕਰਦੀ ਹੈ। ਲੇਖਿਕਾ ਸਵੈ ਜੀਵਨੀ ਵਿੱਚ ਆਪਣੇ ਵਿਆਹੁਤਾ ਜੀਵਨ ਦੀ ਪੇਸ਼ਕਾਰੀ ਸੰਖੇਪਤਾ ਵਿੱਚ ਕਰਦੀ ਹੋਈ ਦੋ ਹੀ ਘਟਨਾਵਾਂ ਦਾ ਜਿਕਰ ਕਰਦੀ ਹੈ, ਇੱਕ ਉਸ ਦੇ ਵਿਆਹ ਵਾਲੇ ਦਿਨ ਦੀ ਤੇ ਦੂਸਰੀ ਚੋਰੀ ਐਫ. ਏ. ਦਾ ਪੇਪਰ ਦੇਣ ਕਾਰਨ ਪਤੀ ਵੱਲੋਂ ਕੀਤੀ ਕੁੱਟਮਾਰ ਨਾਲ ਸੰਬੰਧਿਤ ਹੈ। ਇਨ੍ਹਾਂ ਦੋਹਾਂ ਘਟਨਾਵਾਂ ਵਿੱਚ ਲੇਖਿਕਾ ਆਪਣੇ ਵਿਅਕਤਿਤਵ ਦੀ ਪੇਸ਼ਕਾਰੀ ਕਰਦੀ ਹੋਈ ਆਪਣੇ ਪਤੀ ਨੂੰ ਇੱਕ ਵਿਰੋਧੀ ਧਿਰ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਤੋਂ ਬਿਨ੍ਹਾਂ ਸਵੈ ਜੀਵਨੀ ਵਿੱਚ ਉਸ ਦੁਆਰਾ ਆਪਣੇ ਪਤੀ ਨਾਲ ਸੰਬੰਧਿਤ ਹੋਰ ਕਿਸੇ ਘਟਨਾ ਦਾ ਜ਼ਿਕਰ ਨਹੀਂ ਕੀਤਾ ਗਿਆ। ਇਹ ਇੱਕ ਪਾਸੜ ਵੇਰਵਾ ਲੇਖਿਕਾ ਦੇ ਮਨ-ਇੱਛਤ ਬਿੰਬ ਉਸਾਰੀ ਦੇ ਉਦੇਸ਼ ਦੀ ਪੂਰਤੀ ਹੈ।

ਉਪਰੋਕਤ ਮਿਲਦੇ ਸਾਰੇ ਵੇਰਵਿਆਂ ਦੇ ਆਧਾਰ ਤੇ ਲੇਖਿਕਾ ਦਾ ਜੋ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਲੇਖਿਕਾ ਨੂੰ ਬਚਪਨ ਵਿਚ ਮਿਲੀਆਂ ਖੁੱਲ੍ਹਾਂ ਨੇ ਆਪਣੇ ਅਨੁਸਾਰੀ ਜੀਵਨ ਜਿਉਣ ਦਾ ਵਿਅਕਤਿਤਵ ਪ੍ਰਧਾਨ ਕੀਤਾ। ਜਿਸ ਕਾਰਨ ਉਨ੍ਹਾਂ ਨੂੰ ਪਿੱਤਰੀ ਸੱਤਾ ਵਾਲੇ ਸਮਾਜਿਕ ਪ੍ਰਬੰਧ ਅੰਦਰ ਆਪਣੀ ਹੋਂਦ ਨੂੰ ਬਚਾਉਣ ਲਈ ਲਗਾਤਾਰ ਸੰਘਰਸ਼ ਕਰਨਾ ਪਿਆ। ਜਿਸ ਕਾਰਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਸਮਾਜਿਕ ਪਛਾਣ ਪਿੱਤਰੀ ਸੱਤਾ ਵਾਲੇ ਸਮਾਜਿਕ ਢਾਂਚੇ ਦੇ ਵਿਰੋਧ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਪਰ ਲਿਖਤ ਵਿਚਲੇ ਖੱਪਿਆਂ ਅਤੇ ਸਿਰਜੇ ਗਏ ਓਹਲਿਆਂ ਕਾਰਨ ਉਨ੍ਹਾਂ ਦਾ ਮਨ ਇੱਛਿਤ ਸਵੈ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ।

## ***ਹਵਾਲੇ ਅਤੇ ਟਿੱਪਣੀਆਂ***


1. *Rosy singh, Autobiography: Fact And Fiction, Aryan Books International, Delhi, 2009, P: 12.*
2. *The Encyclopedia Americana, Vol-2, Grolier Incorporated. U.S.A., 1984, P: 803.*
3. *The Oxford English Dictionary, (sixth edition), Vol-1, Oxford University Prees, New York, 2007, P: 156.*
4. *Ray Pascal, Design and Truth in Autobiography, Routledge, New York, 2010 P: 02.*
5. *ਬਲਦੇਵ ਸਿੰਘ ਧਾਲੀਵਾਲ, ਬਿਰਤਾਂਤ, ਰਾਜਨੀਤੀ ਅਤੇ ਪਛਾਣ ਦਾ ਸੰਕਟ, (ਪੰਜਾਬੀ ਪਛਾਣ: ਭਾਸ਼ਾ ਸਾਹਿਤ ਅਤੇ ਸਭਿਆਚਾਰ ਦੇ ਹਵਾਲੇ ਨਾਲ ਪਹਿਲੀ ਪੰਜਾਬੀ ਡਾਇਸਪੋਰਾ ਕਾਨਫਰੰਸ 11-13 ਦਸੰਬਰ 2012) ਮੁੱਖ ਸੰਪਾ: ਲਖਵੀਰ ਸਿੰਘ ਅਤੇ ਰਜਿੰਦਰਪਾਲ ਬਰਾੜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 124*
6. *ਬਲਜੀਤ ਕੌਰ ਬੱਲੀ, 'ਢਾਈ ਸਤਰਾਂ', ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ: 46*
7. *-ਉਹੀ-, ਪੰਨਾ: 88*
8. *-ਉਹੀ-, ਪੰਨਾ: 90*
9. *-ਉਹੀ-, ਪੰਨਾ: 114*

10. -ਉਹੀ-, ਪੰਨਾ: 81

11. -ਉਹੀ-, ਪੰਨਾ: 172

## *Cite this Article-*

*ਅਮਨਦੀਪ ਕੌਰ (Amandeep kaur), ਬਲਜੀਤ ਕੌਰ ਬੱਲੀ ਦੁਆਰਾ ਰਚਿਤ 'ਢਾਈ ਸਤਰਾਂ' ਸਵੈ-ਜੀਵਨੀ ਵਿੱਚ ਵਿਅਕਤੀ-ਬਿੰਬ ਦੀ ਪੇਸ਼ਕਾਰੀ (Baljit Kaur Balli Duara Rachit 'Dhaai Satraan' Swai-Jeevani Vich Vyakti-Bimb Di Peshkaari), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 104-109.*

*Journal URL:* www.armaan.org.in

*DOI:* https://doi.org/10.64119/armaan.vol.4.issue1.19

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/